ਸ਼੍ਰੀ ਐਸ. ਕੇ ਸੰਧੂ, ਆਈ.ਏ.ਐਸ., ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੀ ਪ੍ਰਧਾਨਗੀ ਹੇਠ ਮਿਤੀ 05.07.2012 ਨੂੰ 3.00 ਵਜੇ ਬਾਅਦ ਦੁਪਹਿਰ ਉਨ੍ਹਾਂ ਦੇ ਦਫਤਰੀ ਕਮਰਾ ਨੰਬਰ 02, ਦੂਜੀ ਮੰਜਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਹੋਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਵਿੱਤ ਤੇ ਲੇਖਾ ਕਮੇਟੀ ਦੀ 63ਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ :-

1. ਸ਼੍ਰੀ ਦਲੀਪ ਕੁਮਾਰ, ਆਈ.ਏ.ਐਸ.
   ਸਕੱਤਰ, ਵਿੱਤ ਵਿਭਾਗ, ਪੰਜਾਬ
   (ਪ੍ਰਮੁੱਖ ਸਕੱਤਰ, ਵਿੱਤ, ਪੰਜਾਬ ਜੀ
   ਦਾ ਨੁਮਾਇੰਦਾ)
2. ਸ਼੍ਰੀ ਮਨਵੇਸ਼ ਸਿਘ ਸਿੱਧੂ, ਪੀ.ਸੀ.ਐਸ.
   ਮੁੱਖ ਪ੍ਰਸ਼ਾਸਕ, ਪੁੱਡਾ, ਅਜੀਤਗੜ੍ਹ।

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਮੁਤਾਬਿਕ ਫੈਸਲਾ ਕੀਤਾ ਗਿਆ :-

*ਅਜੰਡਾ ਆਈਟਮ ਨੰ: 63.01*

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ 62ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

*ਅਜੰਡਾ ਆਈਟਮ ਨੰ: 63.02*

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 22.11.2011 ਨੂੰ ਹੋਈ 62ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ਸਬੰਧੀ ਮੱਦ ਵਾਰ ਵਿਵਰਣ।

ਕਮੇਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

*<u>ਅਜੰਡਾ ਆਈਟਮ ਨੰ: 63.03</u>*

**<u>ਸਾਲ 2012-2013 ਦੇ ਬਜਟ ਅਨੁਮਾਨ ਅਤੇ ਸਾਲ 2011-2012 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ</u>**

ਕਮੇਟੀ ਵੱਲੋਂ ਸਾਲ 2012-13 ਦੇ ਬਜਟ ਅਨੁਮਾਨ ਅਤੇ ਸਾਲ 2011-12 ਦੇ ਸੋਧੇ ਹੋਏ ਬਜਟ ਅਨੁਮਾਨ ਨੂੰ ਘੋਖਣ ਉਪਰੰਤ ਸਾਲ 2012-13 ਦੇ ਬਜਟ ਅਨੁਮਾਨ ਵਿੱਚ ਹੇਠ ਦਰਸਾਈਆਂ ਸੋਧਾਂ ਕਰਨ ਦੀ ਸਿਫਾਰਸ਼ ਕੀਤੀ :

1. ਮੈਂਟਲ ਹੋਸਪਿਟਲ ਸਾਈਟ ਅਤੇ ਕਨਾਲ ਰੈਸਟ ਹਾਊਸ ਸਾਈਟ, ਅੰਮ੍ਰਿਤਸਰ ਤੋਂ ਪ੍ਰਾਪਤ ਹੋਣ ਵਾਲੀ ਰਸੀਟ ਨੂੰ 50-50 ਕਰੋੜ ਰੁਪਏ ਘਟਾ ਦਿੱਤਾ ਜਾਵੇ ਕਿਉਂ ਜੋ ਇਹ ਰਸੀਟ ਬਜਟ ਵਿੱਚ ਜ਼ਿਆਦਾ ਵਿਖਾਈ ਜਾਪਦੀ ਹੈ ।
2. ਕੈਪੀਟਲ ਐਕਸਪੈਂਡੀਚਰ ਦੇ ਹੇਠ ਪੀ.ਐਮ.ਆਈ.ਡੀ.ਸੀ. ਨੂੰ ਦਿੱਤੇ ਜਾਣ ਵਾਲੇ 10.40 ਕਰੋੜ ਰੁਪਏ ਦੇ ਕਰਜ਼ੇ ਨੂੰ ਬਜਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ ਕਿਉਂ ਜੋ ਸਥਾਨਕ ਸਰਕਾਰ ਵਿਭਾਗ ਵੱਲੋਂ ਹੁੱਡਕੋ ਤੋਂ ਕਰਜ਼ਾ ਲਿਆ ਗਿਆ ਹੈ ਅਤੇ ਇਸ ਲਈ ਹੁਣ ਪੀ.ਐਮ.ਆਈ.ਡੀ.ਸੀ. ਨੂੰ ਇਹ ਕਰਜ਼ਾ ਦੇਣ ਦੀ ਲੋੜ ਨਹੀਂ ਹੈ।
3. ਕਿਉਂ ਜੋ ਪੁੱਡਾ ਵੱਲੋਂ ਸਾਲ 2012-13 ਦੌਰਾਨ ਹੋਰ ਸਟਾਫ ਦੀ ਨਿਯੁਕਤੀ ਕੀਤੀ ਜਾਣੀ ਹੈ, ਇਸ ਲਈ ਐਸਟੈਬਲਿਸ਼ਮੈਂਟ ਐਕਸਪੈਂਡੀਚਰ ਵਿੱਚ ਇਸ ਸਬੰਧੀ 20 ਕਰੋੜ ਰੁਪਏ ਦੀ ਹੋਰ ਪ੍ਰੋਵੀਜ਼ਨ ਕਰ ਲਈ ਜਾਵੇ ।

ਇਨ੍ਹਾਂ ਸੋਧਾਂ ਅਨੁਸਾਰ ਕਮੇਟੀ ਵੱਲੋਂ ਅਥਾਰਟੀ ਸਨਮੁੱਖ ਬਜਟ ਪੇਸ਼ ਕਰਨ ਦੀ ਸਿਫਾਰਸ਼ ਕਰ ਦਿੱਤੀ ਗਈ ।

*ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।*

(ਐਸ.ਕੇ. ਸੰਧੂ, ਆਈ.ਏ.ਐਸ.)
ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ
ਸ਼ਹਿਰੀ ਵਿਕਾਸ ਵਿਭਾਗ, ਪੰਜਾਬ,
ਚੰਡੀਗੜ੍ਹ ।